ਨੰ:11/8/1992-ਰਸ2/ 573582/1

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਮਿਤੀ, ਚੰਡੀਗੜ: 26-8-15

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ(ਸ), ਪੰਜਾਬ ।

ਵਿਸ਼ਾ:- ਵਿਮੁਕਤ ਜਾਤੀਆਂ ਅਤੇ ਬਾਜ਼ੀਗਰਾਂ ਨੂੰ ਰਿਜ਼ਰਵੇਸ਼ਨ ਦੇਣ ਸਬੰਧੀ ।

*****

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱ:ਨੰ:1/3/98-ਰਸ1/948, ਮਿਤੀ 20-12-2001, ਨੰ:1/3/98-ਰਸ1/962, ਮਿਤੀ 22-7-2008 ਅਤੇ ਨੰ:1/3/98-ਰਸ1/268, ਮਿਤੀ 25-3-2011 ਵੱਲ ਦਿਵਾਉਂਦੇ ਹੋਏ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਆਪ ਨੂੰ ਲਿਖਿਆ ਗਿਆ ਸੀ ਕਿ ਵਿਮੁਕਤ ਜਾਤੀਆਂ/ਬਾਜ਼ੀਗਰਾਂ ਨੂੰ ਰਾਖਵਾਂਕਰਨ ਉਪਲੱਬਧ ਕਰਵਾਉਣ ਲਈ ਬਾਲਮੀਕੀ/ਮਜ਼ਬੀਆਂ, ਜਿਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦਾ 50% ਹਿੱਸਾ ਪਹਿਲ ਦੇ ਆਧਾਰ ਤੇ ਮਿਲਦਾ ਹੈ, ਦੇ ਕੋਟੇ ਅਤੇ ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀ, ਅਨੂਸੂਚਿਤ ਜਾਤੀ ਦੇ ਖਿਡਾਰੀਆਂ ਦੇ ਕੋਟੇ ਵਿੱਚੋਂ ਨਾ ਭਰੀਆਂ ਬਾਕੀ ਆਸਾਮੀਆਂ ਵਿਮੁਕਤ ਜਾਤੀਆਂ ਵਿੱਚੋਂ ਪਹਿਲ ਦੇ ਆਧਾਰ ਤੇ ਭਰੀਆਂ ਜਾਣ, ਪਰੰਤੂ ਇਸ ਤਰ੍ਹਾਂ ਕੀਤੀ ਗਈ ਰਿਜ਼ਰਵੇਸ਼ਨ 2% ਤੋਂ ਵੱਧ ਨਹੀਂ ਹੋਵੇਗੀ । ਇਹ ਵੀ ਲਿਖਿਆ ਗਿਆ ਸੀ ਕਿ ਵਿਮੁਕਤ ਜਾਤੀਆਂ/ਬਾਜ਼ੀਗਰ ਬਰਦਾਰੀ ਦੇ ਯੋਗ ਉਮੀਦਵਾਰ ਉਪਲੱਬਧ ਨਾ ਹੋਣ ਤੇ ਇਹ ਆਸਾਮੀਆਂ ਅਨੁਸੂਚਿਤ-ਜਾਤੀ ਨਾਲ ਸਬੰਧਤ ਦੂਸਰੇ ਉਮੀਦਵਾਰਾਂ ਰਾਹੀਂ ਭਰੀਆਂ ਜਾਣਗੀਆਂ । ਕਈ ਵਿਭਾਗ ਵੱਲੋਂ ਸਰਕਾਰ ਦੁਆਰਾ ਇਨ੍ਹਾਂ ਜਾਤੀਆਂ ਲਈ ਨਿਰਧਾਰਤ ਕੀਤੀ ਗਈ ਰਿਜ਼ਰਵੇਸ਼ਨ ਦਾ ਲਾਭ ਉਨ੍ਹਾਂ ਨੂੰ ਨਹੀਂ ਦਿੱਤਾ ਜਾ ਰਿਹਾ ਹੋਣ ਕਰਕੇ ਇਸ ਸਬੰਧ ਵਿੱਚ ਸਰਕਾਰ ਵੱਲੋਂ ਵਿਮੁਕਤ ਜਾਤੀਆਂ ਅਤੇ ਬਾਜ਼ੀਗਰਾਂ ਨੂੰ ਰਿਜ਼ਰਵੇਸ਼ਨ ਦੇਣ ਲਈ ਬਣਾਈ ਗਈ ਨੀਤੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਣ ਬਾਰੇ ਪੱ: ਨੰ:1/3/98-ਰਸ1/268, ਮਿਤੀ 25-3-2011 ਰਾਹੀਂ ਮੁੜ ਲਿਖਿਆ ਗਿਆ ।

2. ਵਿਮੁਕਤ ਜਾਤੀਆਂ ਅਤੇ ਬਾਜ਼ੀਗਰ ਬਰਾਦਰੀ ਦੇ ਨੁਮਾਇੰਦਿਆਂ ਵੱਲੋਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਵਿਭਾਗਾਂ ਵੱਲੋਂ ਸਰਕਾਰ ਦੁਆਰਾ ਇਨ੍ਹਾਂ ਜਾਤੀਆਂ ਲਈ ਉਕਤ ਪੱਤਰਾਂ ਰਾਹੀਂ ਨਿਰਧਾਰਤ ਕੀਤੀ ਗਈ ਰਿਜ਼ਰਵੇਸ਼ਨ ਦਾ ਲਾਭ ਉਨ੍ਹਾਂ ਨੂੰ ਨਹੀਂ ਦਿੱਤਾ ਜਾ ਰਿਹਾ, ਭਾਵ ਸਰਕਾਰ ਵੱਲੋਂ ਜਾਰੀ ਉਕਤ ਪੱਤਰਾਂ ਦੀ ਇੰਨ-ਬਿੰਨ ਅਮਲੀ ਰੂਪ ਵਿੱਚ ਪਾਲਣਾ ਨਹੀਂ ਹੋ ਰਹੀ । ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਵਿਮੁਕਤ ਜਾਤੀਆਂ ਅਤੇ ਬਾਜ਼ੀਗਰਾਂ ਨੂੰ ਰਿਜ਼ਰਵੇਸ਼ਨ ਦੇਣ ਲਈ ਬਣਾਈ ਗਈ ਨੀਤੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

ਸਕੱਤਰ, ਭਲਾਈ
25/8/2015

297

ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਇਸ ਵਿਭਾਗ ਦੇ ਅੰ:ਵਿ:ਪ:ਨੰ:1/3/98-ਰਸ1/949, ਮਿਤੀ 20-12-2001, ਨੰ:1/3/98-ਰਸ1/962, ਮਿਤੀ 22-7-2008 ਅਤੇ ਨੰ:1/3/98-ਰਸ1/268, ਮਿਤੀ 25-3-2011 ਦੇ ਹਵਾਲੇ ਵਿੱਚ ਸੂਚਨਾਂ ਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਕੱਤਰ ਭਲਾਈ
25/8/2015

ਸੇਵਾ ਵਿਖੇ,

ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ,
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ:ਵਿ:ਪ:ਨੰ:11/8/1992-ਰਸ2/ 573582/2 ਮਿਤੀ, ਚੰਡੀਗੜ: 26-8-15
ਪਿਠਅੰ:ਨੰ:11/8/1992-ਰਸ2/ 573582/3 ਮਿਤੀ, ਚੰਡੀਗੜ: 26-8-15

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

ਸੁਪਰਡੰਟ

ਪਿਠਅੰ:ਨੰ:11/8/1992-ਰਸ2/ 573582/4 ਮਿਤੀ, ਚੰਡੀਗੜ: 26-8-15

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਅਨੁਸੂਚਿਤ-ਜਾਤੀਆਂ ਤੇ ਪਛੜੀਆਂ-ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ.ਨੰ:128-129, ਸੈਕਟਰ-34ਏ, ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

ਸੁਪਰਡੰਟ